# ਤਪਦਿਕ ਦੇ ਦਬੇ ਹੋਏ ਵਿਗਾੜ ਦਾ ਟੀ ਬੀ ਦੀ ਬਿਮਾਰੀ ਤੱਕ ਵੱਧਣਾ

**ਤਪਦਿਕ ਦਾ ਦਬਿਆ ਹੋਇਆ ਵਿਗਾੜ ਟੀ ਬੀ ਦੀ ਬਿਮਾਰੀ ਤੱਕ ਕਦੋਂ ਵੱਧਦਾ ਹੈ ?**

ਐਲ ਟੀ ਬੀ ਆਈ (LTBI) ਵਾਲੇ ਕਈ ਲੋਕਾਂ ਵਿੱਚ ਟੀ ਬੀ ਰੋਗ ਦਾ ਵਿਕਾਸ ਹੋਏਗਾ ਜਦੋਂ ਉਨ੍ਹਾਂ ਦਾ ਸਰੀਰ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲਾ ਸਿਸਟਮ ਟੀ ਬੀ ਦੇ ਕੀਟਾਣੂਆਂ ਨੂੰ ਵੱਧਣ ਅਤੇ ਫੈਲਣ ਤੋਂ ਰੋਕਣ ਲਈ ਕਾਫੀ ਮਜਬੂਤ ਨਹੀਂ ਹੈ।

**ਟੀ ਬੀ ਰੋਗ ਵਿਕਸਤ ਕਰਨ ਦਾ ਸਭ ਤੋਂ ਵੱਧ ਖਤਰਾ ਕਿਸ ਨੂੰ ਹੈ ?**

ਉਹ ਲੋਕ ਜਿੰਨ੍ਹਾਂ ਨੂੰ ਐਲ ਟੀ ਬੀ ਆਈ (LTBI) ਹੈ ਅਤੇ ਜਿੰਨ੍ਹਾਂ ਦਾ ਸਰੀਰ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲਾ ਸਿਸਟਮ ਕਮਜੋਰ ਹੈ ਦੀ ਸਕ੍ਰਿਏ ਟੀ ਬੀ ਰੋਗ ਦਾ ਸ਼ਿਕਾਰ ਹੋਣ ਦੀ ਜਿਆਦਾ ਸੰਭਾਵਨਾ ਹੈ। ਵਡੀ ਉਮਰ ਦੇ ਲੋਕ, ਨਿਆਣਿਆਂ ਅਤੇ ਪੰਜ ਸਾਲ ਦੀ ਉਮਰ ਤੋਂ ਘੱਟ ਦੇ ਬੱਚਿਆਂ ਦੇ ਸਰੀਰ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲੇ ਸਿਸਟਮ ਕਮਜੋਰ ਹੋ ਸਕਦੇ ਹਨ।

ਹੇਠਾਂ ਲਿੱਖੀਆਂ ਅਵਸਥਾਵਾਂ ਵੀ ਸਰੀਰ ਦੇ ਉਸ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲੇ ਸਿਸਟਮ ਨੂੰ ਕਮਜੋਰ ਕਰ ਸਕਦੀਆਂ ਜਾਂ ਬਦਲ ਸਕਦੀਆਂ ਹਨ :

- ਐਚ ਆਈ ਵੀ ਵਿਗਾੜ ਅਤੇ ਏਡਜ
- ਸ਼ੱਕਰ ਰੋਗ (diabetes)
- ਗੁਰਦੇ ਦੀ ਤੀਬਰ ਬਿਮਾਰੀ
- ਸਿਲੀਕੋਸਿਸ (silicosis)
- ਕੈਂਸਰ
- ਅੰਗਾਂ ਦਾ ਇੱਕ ਸਰੀਰ ਤੋਂ ਦੂਜੇ ਵਿੱਚ ਲਗਾਏ ਜਾਣਾ (ਟਰਾਂਸਪਲਾਂਟ)
- ਦਵਾਈਆਂ ਅਤੇ ਇਲਾਜ ਜੋ ਸਰੀਰ ਦੇ ਉਸ ਨੂੰ ਰੋਗਾਂ ਤੋਂ ਸੁਰੱਖਿਅਤ ਕਰਨ ਵਾਲੇ ਸਿਸਟਮ ਨੂੰ ਬਦਲ ਦਿੰਦੀਆਂ ਹਨ (ਮਿਸਾਲ ਦੇ ਤੌਰ ਉੱਤੇ., ਗਲੁਕੋਕੋਰਟੀਕੋਇਡਜ,ਗਠੀਆ ਲਈ ਕਈ ਇਲਾਜ,ਕਰੋਹਨਜ ਰੋਗ (Crohn's disease) ਅਤੇ ਸੋਰਾਏਸਿਸ (psoriasis)
- ਸਰੀਰ ਦਾ ਘੱਟ ਭਾਰ

ਅਜਿਹੇ ਲੋਕਾਂ ਦੀ ਵੀ ਸਕ੍ਰਿਏ ਟੀ ਬੀ ਰੋਗ ਦਾ ਸ਼ਿਕਾਰ ਹੋਣ ਦੀ ਜਿਆਦਾ ਸੰਭਾਵਨਾ ਹੈ:

- ਜਿੰਨ੍ਹਾਂ ਦੀ ਛਾਤੀ ਦੇ ਐਕਸ – ਰੇ ਉੱਤੇ ਪੁਰਾਣੀ ਟੀ ਬੀ ਹੈ ਜਿਸ ਦਾ ਅਤੀਤ ਵਿੱਚ ਇਲਾਜ ਨਹੀਂ ਹੋਇਆ ਜਾਂ ਉਸ ਨੂੰ ਠੀਕ ਨਹੀਂ ਕੀਤਾ ਗਿਆ
- ਜੋ ਪਿਛਲੇ ਦੋ ਸਾਲਾਂ ਦੇ ਅੰਦਰ ਟੀ ਬੀ ਦੇ ਰੋਗਾਣੂਆਂ ਨਾਲ ਗ੍ਰਸਤ ਹੋਏ ਹਨ
- ਸਿਗਰਟ ਪੀਂਦੇ ਹਨ

ਟੀ ਬੀ ਨੂੰ ਰੋਕਿਆ, ਉਸ ਦਾ ਇਲਾਜ ਕੀਤਾ ਅਤੇ ਉਸ ਨੂੰ ਖਤਮ ਕੀਤਾ ਜਾ ਸਕਦਾ ਹੈ। ਟੀ ਬੀ ਨੂੰ ਰੋਕਣ ਅਤੇ ਉਸ ਦਾ ਇਲਾਜ ਕਰਨ ਵਾਲੀਆਂ ਦਵਾਈਆਂ ਸਿਹਤ ਸੰਬੰਧੀ ਦੇਖਭਾਲ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਮਰੀਜਾਂ ਨੂੰ ਦੇਣ ਲਈ ਮੁਫਤ ਦਿੱਤੀਆਂ ਜਾਂਦੀਆਂ ਹਨ।